BRAMPTON Flower City brampton.ca

media release

29 ਜੂਨ, 2018

## ਬ੍ਰੈਂਪਟਨ ਸੌਕਰ ਸੈਂਟਰ ਵਿੱਚ ਤਬਦੀਲੀਆਂ ਹੋਣਗੀਆਂ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਸੌਕਰ ਸੈਂਟਰ (Brampton Soccer Centre) ਨੂੰ ਇੱਕ ਇਨਡੋਰ/ਆਊਟਡੋਰ ਮਲਟੀ-ਸਪੋਰਟ (ਇੱਕ ਤੋਂ ਵੱਧ ਖੇਡਾਂ) ਫੈਸਿਲਿਟੀ ਵਿੱਚ ਬਦਲਿਆ ਜਾ ਰਿਹਾ ਹੈ। ਇਸ ਸਮੇਂ ਕਈ ਮੁਰੰਮਤਾਂ ਚੱਲ ਰਹੀਆਂ ਹਨ, ਅਤੇ ਬਾਹਰਲੇ ਖੇਤਰਾਂ ਦੀ ਵਰਤੋਂ ਦਾ ਵਿਸਤਾਰ ਕਰਨ ਲਈ ਅਗਲੇ ਸਾਲ ਇੱਕ ਨਵੇਂ ਗੁੰਬਦ ਅਤੇ ਦੋ ਘਾਹ ਦੇ ਮੈਦਾਨ ਵਾਲੇ ਖੇਤਰਾਂ ਦਾ ਨਿਰਮਾਣ ਕਰਨ ਦੀ ਯੋਜਨਾ ਹੈ। ਇੱਛੁਕ ਨਿਵਾਸੀਆਂ ਨੂੰ 9 ਜੁਲਾਈ ਨੂੰ ਸ਼ਾਮ 6 ਵਜੇ ਤੋਂ ਰਾਤ 8 ਵਜੇ ਤੱਕ, ਕੇਂਦਰ ਵਿੱਚ ਆਯੋਜਿਤ ਕੀਤੇ ਜਾਣ ਵਾਲੇ ਇੱਕ ਜਨਤਕ ਜਾਣਕਾਰੀ ਸੈਸ਼ਨ ਵਿੱਚ ਹੋਰ ਜਾਣਨ ਲਈ ਸੱਦਾ ਦਿੱਤਾ ਜਾਂਦਾ ਹੈ।

**ਅੰਦਰਲੀਆਂ ਮੁਰੰਮਤਾਂ**

ਜਿਵੇਂ ਕਿ ਹਾਲੀਆ ਸਾਲਾਂ ਵਿੱਚ ਵੱਖ-ਵੱਖ ਸਪੋਰਟਸ (ਖੇਡਾਂ) ਦੀ ਪ੍ਰਸਿੱਧੀ ਵਿੱਚ ਤਬਦੀਲੀ ਹੋਈ ਹੈ, ਪੂਰੇ ਸ਼ਹਿਰ ਵਿੱਚ ਜਿਮਨੇਜੀਅਮ ਥਾਂ ਦੀ ਮੰਗ ਵਿੱਚ ਵਾਧਾ ਹੋਇਆ ਹੈ। ਫੀਲਡਹਾਊਸ ਡੀ. (Fieldhouse D) ਜਿਸਨੂੰ ਅਕਸਰ ਅਸਥਾਈ ਜਿਮਨੇਜੀਅਮ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਨੂੰ ਹਾਲ ਵਿੱਚ ਹੀ ਨਵਾਂ ਫਰਸ਼ ਲਗਾ ਕੇ ਅਰਧ-ਸਥਾਈ ਜਿਮਨੇਜੀਅਮ ਵਿੱਚ ਬਦਲਿਆ ਗਿਆ ਹੈ।

ਨਵੇਂ ਜਿਮ ਦਾ ਫਰਸ਼ ਇਸਦੀ ਸਤ੍ਹਾ ਦੀ ਕੁਆਲਿਟੀ ਵਿੱਚ ਸੁਧਾਰ ਕਰੇਗਾ, ਅਤੇ ਸਪੋਰਟਸ (ਖੇਡਾਂ) ਦੇ ਉਹਨਾਂ ਪ੍ਰਕਾਰਾਂ ਦੇ ਵਿਸਤਾਰ ਕਰੇਗਾ, ਜੋ ਇਸ ਸਥਾਨ ਵਿਖੇ ਖੇਡੀਆਂ ਜਾ ਸਕਦੀਆਂ ਹਨ, ਜੋ ਟੂਰਨਾਮੈਂਟਾਂ ਅਤੇ ਹੋਰ ਕਾਰਜਕਰਮਾਂ ਲਈ ਇੱਕ ਮਹੱਤਵਪੂਰਨ ਵਾਧੂ ਸਥਾਨ ਵਿਕਲਪ ਮੁਹੱਈਆ ਕਰਦਾ ਹੈ। ਨਵਾਂ ਫਰਸ਼ ਤਦ ਹਟਾਇਆ ਵੀ ਜਾ ਸਕਦਾ ਹੈ, ਜੇਕਰ ਵੱਡੇ ਸਪੋਰਟ (ਖੇਡ) ਕਾਰਜਕਰਮ ਲਈ ਜ਼ਰੂਰੀ ਹੋਵੇਗਾ।

**ਬਾਹਰਲੀਆਂ ਮੁਰੰਮਤਾਂ**

ਪੂਰਾ ਸਾਲ ਵਰਤੋਂ ਕਰਨ ਲਈ ਇੱਕ ਖੇਤਰ 'ਤੇ ਨਵਾਂ, ਮੌਸਮ ਤੋਂ ਬੇਅਸਰ ਗੁੰਬਦ ਬਣਾਇਆ ਜਾਏਗਾ। ਗੁੰਬਦ ਹਰ ਸਾਲ ਨਵੰਬਰ ਤੋਂ ਅਪ੍ਰੈਲ ਤੱਕ ਖੇਤਰ ਨੂੰ ਢਕੇਗਾ। ਖਿਡਾਰੀਆਂ ਨੂੰ ਗੁਸਲਖਾਨੇ ਅਤੇ ਕੱਪੜੇ ਬਦਲਣ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਗੁੰਬਦ ਦੇ ਕੋਲ ਇੱਕ ਛੋਟੀ ਬਾਹਰਲੀ ਇਮਾਰਤ ਦੀ ਉਸਾਰੀ ਕੀਤੀ ਜਾਏਗੀ। ਗੁੰਬਦ ਆਸਪਾਸ ਦੇ ਘਰਾਂ 'ਤੇ ਅਸਰ ਨੂੰ ਘੱਟ ਕਰਨ ਲਈ ਰਿਹਾਇਸ਼ੀ ਘਰਾਂ ਤੋਂ ਕਾਫ਼ੀ ਦੂਰ ਵਾਲੇ ਖੇਤਰ 'ਤੇ ਸਥਾਪਤ ਕੀਤਾ ਜਾ ਰਿਹਾ ਹੈ।

ਇਸਤੋਂ ਇਲਾਵਾ, ਭਿੰਨ ਪ੍ਰਕਾਰ ਦੀਆਂ ਸਪੋਰਟਸ (ਖੇਡਾਂ) ਲਈ ਅਨੁਕੂਲ ਖੇਤਰ ਬਣਾਉਣ ਲਈ, ਉਹਨਾਂ ਦੇ ਖੇਡਣ ਦੇ ਸੀਜਨ ਦਾ ਵਿਸਤਾਰ ਕਰਨ ਲਈ ਅਤੇ ਵਰਖਾ ਦੇ ਦੌਰਾਨ ਬੰਦ ਹੋਣ ਦੀਆਂ ਸਥਿਤੀਆਂ ਨੂੰ ਘੱਟ ਕਰਨ ਲਈ, ਦੋ ਬਾਹਰਲੇ ਭਾਗਾਂ ਨੂੰ ਲਾਈਟਾਂ ਦੇ ਨਾਲ ਬਣਾਵਟੀ ਘਾਹ ਦੇ ਮੈਦਾਨਾਂ ਵਿੱਚ ਬਦਲਿਆ ਜਾ ਰਿਹਾ ਹੈ।

ਜਦੋਂ ਉਸਾਰੀ ਪੂਰੀ ਹੋ ਜਾਏਗੀ, ਤਾਂ ਕੇਂਦਰ ਵੱਲੋਂ ਜੋ ਮਲਟੀ-ਸਪੋਰਟ (ਇੱਕ ਤੋਂ ਵੱਧ ਖੇਡਾਂ) ਇਸਤੇਮਾਲ ਪੇਸ਼ ਕੀਤੇ ਜਾਣਗੇ, ਉਹਨਾਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਲਈ, ਫੈਸਿਲਿਟੀ ਦਾ ਨਾਮ ਬਦਲ ਕੇ "ਬ੍ਰੈਂਪਟਨ ਸਪੋਰਟਸ ਸੈਂਟਰ" (Brampton Sports Centre) ਰੱਖ ਦਿੱਤਾ ਜਾਏਗਾ।

**ਹਵਾਲੇ**

"ਨਿਵਾਸੀਆਂ ਅਤੇ ਵਰਤੋਂਕਾਰ ਸਮੂਹਾਂ ਨੇ ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ ਦੇ ਦੌਰਾਨ ਸਾਨੂੰ ਦੱਸਿਆ ਸੀ ਕਿ ਸਾਨੂੰ ਪੂਰੇ ਸ਼ਹਿਰ ਵਿੱਚ ਉਪਲਬਧ ਸਪੋਰਟਸ (ਖੇਡਾਂ) ਸਬੰਧੀ ਕੇਂਦਰਾਂ ਦੀ ਵੰਨ-ਸੁਵੰਨਤਾ ਵਿੱਚ ਵਾਧਾ ਕਰਨ ਦੀ ਲੋੜ ਹੈ। ਬ੍ਰੈਂਪਟਨ ਸੌਕਰ ਸੈਂਟਰ ਵਿਖੇ ਮੁਰੰਮਤਾਂ ਦੇ ਨਾਲ ਇਹ ਭਾਈਚਾਰੇ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਲਈ ਇਸ ਸਥਾਨ ਵਿਖੇ ਸਪੋਰਟਸ (ਖੇਡਾਂ) ਦੇ ਹੋਰ ਵਿਕਲਪ ਮੁਹੱਈਆ ਕਰੇਗਾ ਅਤੇ ਇੱਕ ਕਿਰਿਆਸ਼ੀਲ, ਸਿਹਤਮੰਦ ਜੀਵਨਸ਼ੈਲੀ ਵਿੱਚ ਸਹਿਯੋਗ ਦੇਵੇਗਾ।"

- *ਮੇਅਰ ਲਿੰਡਾ ਜੈਫਰੀ (Mayor Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।